**ਪੰਜਾਬ ਸਕੂਲ ਸਿੱਖਿਆ ਬੋਰਡ**
**(ਐਫੀਲੀਏਸਨ ਸਾਖਾ)**

ਵੱਲ

ਪੰਜਾਬ ਰਾਜ ਦੇ ਸਮੂਹ ਐਫੀਲੀਏਟਿਡ/ਐਸੋਸੀਏਟਸ/ਆਦਰਸ਼ ਸਕੂਲਜ਼,

ਨੰਬਰ: ਪਸਸਬ-ਐਫੀ: 2018/5267 ਮਿਤੀ: 3/10/18

**ਵਿਸ਼ਾ: ਪਰਾਲੀ ਸਾੜਨ ਦੇ ਮਾਰੂ ਰੁਝਾਨ ਨੂੰ ਰੋਕਣ ਲਈ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ,ਲੁਧਿਆਣਾ ਵੱਲੋਂ ਵਿਸ਼ੇ ਸਬੰਧੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਦੇ ਤਹਿਤ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਨੇ ਚਾਹਿਆ ਹੈ ਕਿ ਪੰਜਾਬ ਰਾਜ ਦੀਆਂ ਸੰਸਥਾਵਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਵਿੱਚ ਪਰਾਲੀ ਸਾੜਨ ਦੇ ਮਾਰੂ ਰੁਝਾਨ ਨੂੰ ਰੋਕਣ ਲਈ ਜਾਗਰੂਕਤਾ ਪੈਦਾ ਕੀਤੀ ਜਾਵੇ। ਇਸੇ ਮੁਹਿੰਮ ਦੇ ਤਹਿਤ ਪੰਜਾਬ ਰਾਜ ਦੀਆਂ ਸਮੂਹ ਸੰਸਥਾਵਾਂ ਆਪਣੀ ਸੰਸਥਾ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਝੋਨੇ ਦੀ ਪਰਾਲੀ ਸਾੜਨ ਦੇ ਵਾਤਾਵਰਣ ਵਿਰੋਧੀ ਰੁਝਾਨ ਨੂੰ ਰੋਕਣ ਲਈ ਵਿਦਿਆਰਥੀਆਂ ਵਿੱਚ ਜਾਗਰੁਕਤਾ ਪੈਦਾ ਕਰਨ । ਪੀ.ਏ.ਯੂ. ਵੱਲੋਂ ਜਾਰੀ ਕੀਤੀ ਗਈ **ਸਾੜੀਂ ਨਾ ਪਰਾਲੀ** ਸਬੰਧੀ ਨਾਲ ਨੱਥੀ ਕੀਤੀ ਕਵਿਤਾ ਦਾ ਸੰਦੇਸ ਦੇਣ ਤਾਂ ਜੋ ਵਾਤਾਵਰਣ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਸੰਸਥਾਵਾਂ ਵੱਲੋਂ ਸਹਿਯੋਗ ਪ੍ਰਾਪਤ ਹੋ ਸਕੇ।

ਇੰਚਾਰਜ (ਐਫੀ.)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

# ਸਾੜੀਂ ਨਾ ਪਰਾਲੀ

ਜਗਵਿੰਦਰ ਜੋਧਾ

ਘਰ ਫੂਕ ਆਪਣਾ ਨਾ ਦੇਖੀਏ ਦੀਵਾਲੀ
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ

ਕਿੰਨੇ ਜੀਵ ਜੰਤੂਆਂ ਦੀ ਮਿੱਟੀ ਵਿੱਚ ਠਾਹਰ ਏ
ਰੁੱਖਾਂ ਪੌਦਿਆਂ ਤੇ ਜਿਵੇਂ ਨੱਚਦੀ ਬਹਾਰ ਏ
ਬਚੇ ਰਹਿਣ ਘੁੱਗੀਆਂ ਦੇ ਬੱਚੇ ਸਣੇ ਟਾਹਲੀ
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ

ਦੇਖ ਧੂੰਏਂ ਨਾਲ ਹਾਲ ਹੁੰਦਾ ਕੀ ਚੁਫੇਰ ਦਾ
ਸਿਖ਼ਰ ਦੁਪਹਿਰੇ ਦਿਸੇ ਮੰਜ਼ਰ ਹਨੇਰ ਦਾ
ਸਾਰੀ ਕਾਇਨਾਤ ਜਾਪੇ ਹੋਈ ਕਾਲੀ-ਕਾਲੀ
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ

ਮੰਡੀ ਵਿੱਚ ਪਿਆ ਸਾਰਾ ਝੋਨਾ ਵਿਕ ਲੈਣ ਦਈਂ
ਧਰਤੀ ਦਾ ਥੋੜ੍ਹਾ ਜਿੰਨਾ ਸਾਹ ਟਿਕ ਲੈਣ ਦਈਂ
ਅਗਲੀ ਫਸਲ ਲਈ ਐਡੀ ਕਾਹਦੀ ਕਾਹਲੀ
ਸਾੜੀਂ ਨਾ ਪਰਾਲੀ ਵੀਰਾ, ਸਾੜੀਂ ਨਾ ਪਰਾਲੀ।

ਕਿੰਨੀਆਂ ਮਸ਼ੀਨਾਂ ਆਈਆਂ ਕਿੰਨੀ ਤਕਨੀਕ ਵੀ
ਕੁਤਰੇ ਪਰਾਲੀ, ਬੀਜੇ ਕਣਕ ਜੋ ਠੀਕ ਵੀ
ਪੌਣ-ਪਾਣੀ ਵਾਲੀ ਜਾਵੇ ਗੱਲ ਵੀ ਸੰਭਾਲੀ
ਸਾੜੀਂ ਨਾ ਪਰਾਲੀ ਵੀਰਾ, ਸਾੜੀਂ ਨਾ ਪਰਾਲੀ

ਖੇਤ ਵਾਹ ਪਰਾਲੀ ਤੇਰੀ ਖੇਤੀ ਸਾਵੀ ਰਹੇਗੀ
ਪਾਣੀ ਬਚ ਜਾਏਗਾ ਤੇ ਖਾਦ ਘੱਟ ਪਏਗੀ
ਦੋਵੇਂ ਹੱਥੀਂ ਲੱਡੂ ਤੇਰੇ, ਦੋਵੇਂ ਹੱਥੀਂ ਤਾਲੀ
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

ਖੇਤੀ ਵਿਗਿਆਨੀਆਂ ਨੇ ਕੱਢੇ ਬੜੇ ਹੱਲ ਬਈ
ਸੁਪਰ ਐਸਐਮਐਸ, ਹੈਪੀਸੀਡਰ ਲੈ ਚੱਲ ਬਈ
ਤੇਰੀ ਇਹ ਮੁਸੀਬਤ ਵੀ ਹੋ ਗਈ ਸੁਖਾਲੀ
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।